International Journal of Applied Research 2018; 4(1): 181-185




**ISSN Print:** 2394-7500
**ISSN Online:** 2394-5869
**Impact Factor:** 5.2
IJAR 2018; 4(1): 181-185
www.allresearchjournal.com
Received: 26-11-2017
Accepted: 30-12-2017

**ਡਾ. ਗੁਰਜੀਤ ਕੌਰ**
ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਮਾਤਾ ਸੁੰਦਰੀ ਕਾਲਜ, ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ

**Corresponding Author:**
**ਡਾ. ਗੁਰਜੀਤ ਕੌਰ**
ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਮਾਤਾ ਸੁੰਦਰੀ ਕਾਲਜ, ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ

# ਪਿਘਲੇ ਹੋਏ ਪਲ (ਹਰਭਜਨ ਹਲਵਾਰਵੀ ਦੇ ਕਾਵਿ-ਸੰਗ੍ਰਹਿ ਦਾ ਵਿਚਾਰਧਾਰਕ ਪੱਖ)

**ਡਾ. ਗੁਰਜੀਤ ਕੌਰ**

## ਪ੍ਰਸਤਾਵਨਾ

ਹਰਭਜਨ ਹਲਵਾਰਵੀ ਦੇ ਕਾਵਿ-ਸੰਗ੍ਰਹਿ 'ਪਿਘਲੇ ਹੋਏ ਪਲ ’ਦਾ ਪ੍ਰਕਾਸ਼ਨ 1985 ਵਿਚ ਹੋਇਆ ਸੀ। ਇਸ ਪੁਸਤਕ ਵਿਚ ਉਸ ਦੀਆਂ ਤਿੰਨ ਕਿਸਮ ਦੀਆਂ ਕਵਿਤਾਵਾਂ ਹਨ। ਪਹਿਲਾ ਭਾਗ ਹੈ ‘ਇਨ੍ਹਾਂ ਦਿਨਾਂ ਵਿਚ ’ ਜਿਸ ਵਿਚ ਉਸ ਦੀਆਂ ਉਹ ਕਵਿਤਾਵਾਂ ਹਨ ਜਿਨ੍ਹਾਂ ਦਾ ਸੰਬੰਧ ਜਾਂ ਤਾਂ ਪੰਜਾਬ ਦੀ ਸਥਿਤੀ ਨਾਲ ਹੈ ਤੇ ਜਾਂ ਆਲੇ-ਦੁਆਲੇ ਦੇ ਯਥਾਰਥ ਬਾਰੇ ਬੌਧਿਕ ਰੂਪ ਵਿਚ ਸੋਚਿਆ ਗਿਆ ਹੈ। ਦੂਜਾ ਭਾਗ ‘ਪਿਘਲੇ ਹੋਏ ਪਲ ’ਹੈ ਜਿਸ ਵਿਚ ਅਜਿਹੀਆਂ ਕਵਿਤਾਵਾਂ ਹਨ ਜਿਨ੍ਹਾਂ ਨੂੰ ਪੰਜਾਬੀ ਆਲੋਚਕਾਂ ਨੇ ਪਿਆਰ ਕਵਿਤਾ ਦਾ ਨਾਂ ਦਿੱਤਾ ਹੈ ਤੇ ਇਨ੍ਹਾਂ ਕਵਿਤਾਵਾਂ ਨੂੰ ਪਿਛਲੀ ਰੁਮਾਂਟਿਕ ਕਵਿਤਾ ਨਾਲੋਂ ਨਿਖੇੜਿਆ ਹੈ। ਤੀਜਾ ਭਾਗ ਗ਼ਜ਼ਲਾਂ ਦਾ ਹੈ। ਜਿਸ ਵਿਚ ਪਿਛਲੇ ਦੋਨਾਂ ਭਾਗਾਂ ਦਾ ਭਾਵ ਪ੍ਰਬੰਧ ਰਲਿਆ-ਮਿਲਿਆ ਹੈ। ਇਉਂ ਇਸ ਪੁਸਤਕ ਦਾ ਅਧਿਐਨ ਕਰਦਿਆਂ ਇਸ ਦ੍ਰਿਸ਼ਟੀ ਤੋਂ ਇਨ੍ਹਾਂ ਤਿੰਨਾਂ ਭਾਗਾਂ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਪਹਿਲੇ ਭਾਗ ਦੀਆਂ ਕਵਿਤਾਵਾਂ ਵਿਚ ਹਰਭਜਨ ਹਲਵਾਰਵੀ ਸਿੱਧੇ ਤੌਰ ਤੇ ਪੰਜਾਬ ਦੀ ਸਮੱਸਿਆ ਦਾ ਵਿਸਥਾਰ ਨਹੀਂ ਕਰਦਾ, ਸਗੋਂ ਉਸ ਸਮੱਸਿਆ ਦੇ ਕੁਝ ਅਜਿਹੇ ਚਿਹਨ ਚੁਣਦਾ ਹੈ ਜਿੰਨ੍ਹਾਂ ਤੋਂ ਸਮੁੱਚੀ ਸਮੱਸਿਆ ਵਲ ਸੰਕੇਤ ਜਾਂਦਾ ਹੈ। ਕਵਿਤਾ ਦਾ ਕੰਮ ਅਜਿਹੇ ਚਿਹਨਾਂ ਦੀ ਚੋਣ ਕਰਨਾ ਹੀ ਹੈ। ਲੇਖਕ ਅਸਲ ਵਿਚ ਇਸ ਸਥਿਤੀ ਨਾਲ ਸੰਬੰਧਿਤ ਸਮੇਂ ਦਾ ਉਲੇਖ ਕਰਦਾ ਹੈ ਤੇ ਉਨ੍ਹਾਂ ਚਿਹਨਾਂ ਨਾਲ ਯਥਾਰਥ ਨੂੰ ਉਘਾੜਦਾ ਹੈ। ਉਹ ਇਸ ਸਥਿਤੀ ਬਾਰੇ ਪਾਠਕ ਨੂੰ ਕੇਵਲ ਉਨ੍ਹਾਂ ਉਦਾਸ ਦਿਨਾਂ ਦਾ ਜਾਂ ਉਸ ਵਾਤਾਵਰਣ ਦਾ ਉਲੇਖ ਹੀ ਨਹੀਂ ਕਰਦਾ ਸਗੋਂ ਸੋਚਣ ਲਾਉਂਦਾ ਹੈ। ਉਦਾਹਰਣ ਦੇ ਤੌਰ ਤੇ ਉਸਦੀ ਕਵਿਤਾ 'ਇਨ੍ਹਾਂ ਦਿਨਾਂ ਵਿਚ ' ਦੀਆਂ ਇਹ ਸਤਰਾਂ ਉਦਾਹਰਣ ਦੇ ਤੌਰ ਤੇ ਲਈਆਂ ਜਾ ਸਕਦੀਆਂ ਹਨ:

ਇਨ੍ਹਾਂ ਦਿਨਾਂ ਵਿਚ
ਇਨ੍ਹਾਂ ਉਧਲੇ ਹੋਏ
ਉਲਝੇ ਹੋਏ ਦਿਨਾਂ ਵਿਚ
ਤੁਸੀਂ ਭਲਾ ਕੀ ਸੋਚਦੇ ਹੋ
ਕੀ ਉਲਝੇ ਹੋਏ ਦਿਨਾਂ ਵਿਚ
ਕੋਈ ਕੁਝ ਸੋਚ ਵੀ ਸਕਦਾ ਹੈ।(ਇਨ੍ਹਾਂ ਦਿਨਾਂ ਵਿਚ ' ਪੰ.9)

ਲੇਖਕ ਇਥੇ ਕੇਵਲ ਪੈਦਾ ਹੁੰਦੇ ਪ੍ਰਸ਼ਨਾਂ ਦਾ ਜ਼ਿਕਰ ਹੀ ਨਹੀਂ ਕਰ ਰਿਹਾ ਸਗੋਂ ਪਾਠਕ ਦੇ ਮਨ ਵਿਚ ਇਸ ਸਥਿਤੀ ਬਾਰੇ ਪ੍ਰਸ਼ਨ ਬੀਜ ਰਿਹਾ ਹੈ। ਇਉਂ ਇਨ੍ਹਾਂ ਸਤਰਾਂ ਤੋਂ ਇਨ੍ਹਾਂ ਕਵਿਤਾਵਾਂ ਦੀ ਵਿਧੀ ਵੀ ਸਮਝੀ ਜਾ ਸਕਦੀ ਹੈ। ਹਰਭਜਨ ਹਲਵਾਰਵੀ ਪ੍ਰਗਤੀਵਾਦੀ ਤੇ ਪ੍ਰਤਿਬੱਧ ਸ਼ਾਇਰ ਹੈ। ਉਸਦਾ ਸੰਬੰਧ ਮਾਰਕਸਵਾਦੀ ਦ੍ਰਿਸ਼ਟੀਕੋਣ ਨਾਲ ਹੈ ਤੇ ਉਹ ਆਪਣੇ ਕਾਵਿ ਦ੍ਰਿਸ਼ਟੀਕੋਣ ਵਿਚ ਉਸ ਕਵਿਤਾ ਦਾ ਵਿਰੋਧੀ ਹੈ ਜਿਸ ਨੂੰ ਪੰਜਾਬੀ ਵਿਚ ਸ਼ੁਧ ਕਵਿਤਾ ਆਖਿਆ ਗਿਆ ਹੈ। ਉਹ ਅਜਿਹੀ ਕਵਿਤਾ ਦੇ ਹੱਕ ਵਿਚ ਵੀ ਨਹੀਂ ਜਿਸ ਵਿਚ ਸੰਬੋਧਨ ਮੌਜੂਦ ਨਹੀਂ ਹੋਵੇ। ਇਹੀ ਕਾਰਣ ਹੈ ਕਿ ਉਹ ਉਪਰੋਕਤ ਸਤਰਾਂ ਪਾਠਕਾਂ ਨੂੰ ਸਿੱਧੇ ਤੌਰ ਤੇ ਸੰਬੋਧਨ

ਕਰ ਰਿਹਾ ਹੈ ਤੇ ਪਾਠਕ ਨੂੰ ਉਹ ਉਸ ਦ੍ਰਿਸ਼ਟੀਕੋਣ ਨਾਲ ਜੋੜਨਾ ਚਾਹੁੰਦਾ ਹੈ, ਜਿਸਨੂੰ ਅਸੀਂ ਪ੍ਰਗਤੀਵਾਦ ਜਾਂ ਪ੍ਰਤਿਬਧਤਾ ਨਾਲ ਸੰਬੰਧਿਤ ਕੀਤਾ ਹੈ। ਉਹ ਇਸ ਦ੍ਰਿਸ਼ਟੀ ਨੂੰ ਬਿਆਨ ਕਰਨ ਲਈ ਜਿੰਨ੍ਹਾਂ ਚਿਹਨਾਂ ਦੀ ਚੋਣ ਕਰਦਾ ਹੈ ਉਨ੍ਹਾਂ ਦਾ ਅਧਿਐਨ ਅਰਜ਼ੀਆਂ ਸਤਰਾਂ ਵਿਚ ਕੀ ਤਾ ਜਾ ਸਕਦਾ ਹੈ :

ਤੁਸੀਂ ਸੋਚਦੇ ਹੋਵੋਗੇ
ਦਿਨ ਏਨੇ ਉਲਝੇ ਹੋਏ ਕਿਉਂ ਨੇ
ਕੀ ਹੋ ਗਿਆ ਹੈ ਮੌਸਮ ਨੂੰ ਅਚਾਨਕ
ਇਹ ਕਰਫਿਊ ਜਿਹਾ ਹੁੰਮਸ
ਇਹ ਅਫ਼ਵਾਹਾਂ ਜਿਹੇ ਬੱਦਲ
ਕਿਉਂ ਡਿਗਣ ਲੱਗੀਆਂ ਨੇ
ਅਕਾਸ਼ ਤੋਂ ਝੂਠੀਆਂ ਕਣੀਆਂ
ਹਰਿਆਵਲ ਦੇ ਸੂਹਲ ਪਿੰਡੇ 'ਤੇ
ਏਨੇ ਜ਼ਖ਼ਮ ਕੀਹਨੇ ਲਾਏ ਨੇ
ਕਾਤਲਾਂ ਦਾ ਸਫ਼ਾਇਆ ਹੋਣ 'ਤੇ ਵੀ
ਕਤਲ ਕਿਉਂ ਮੁੱਕੇ ਨਹੀਂ
ਥਾਂ ਥਾਂ ਦੇਹਾਂ ਦੇ ਢੇਰ ਕਿਉਂ ਨੇ
ਇਨ੍ਹਾਂ ਉਪਰ ਟਿਕੀਆਂ ਕੁਰਸੀਆਂ
ਕੀ ਸੱਚਮੁਚ ਸਥਾਈ ਨੇ

ਸਪਸ਼ਟ ਹੈ ਕਿ ਲੇਖਕ ਇਥੇ ਉਸ ਸਥਿਤੀ ਦਾ ਸਾਰਾ ਵਿਸਥਾਰ ਨਹੀਂ ਲੈ ਰਿਹਾ ਸਗੋਂ ਕਰਫਿਊ, ਅਫਵਾਹਾਂ, ਜ਼ਖਮ, ਕਤਲ, ਕੁਰਸੀਆਂ ਇਨ੍ਹਾਂ ਚਿਹਨਾਂ ਦੇ ਆਧਾਰ ਤੇ ਉਹ ਸਾਰੇ ਯਥਾਰਥ ਨੂੰ ਉਸਾਰ ਰਿਹਾ ਹੈ ਪਰ ਉਹ ਕੇਵਲ ਇਨ੍ਹਾਂ ਚਿਹਨਾਂ ਦੀ ਸਿਰਜਣਾ ਨਹੀਂ ਕਰ ਰਿਹਾ ਸਗੋਂ ਉਸਦਾ ਰਾਜਨੀਤਕ ਦ੍ਰਿਸ਼ਟੀਕੋਣ ਵੀ ਇਨ੍ਹਾਂ ਸਤਰਾਂ ਵਿਚ ਸ਼ਾਮਿਲ ਹੈ ਇਸ ਲਈ ਉਹ ਉਪਰੋਕਤ ਉਦਾਹਰਣ ਦੀ ਅਖ਼ੀਰਲੀ ਸਤਰ ਵਿਚ 'ਕੁਰਸੀਆਂ' ਦੀ ਸਮੱਸਿਆ ਨੂੰ ਉਠਾਉਂਦਾ ਹੈ ਤੇ ਇਸ ਗੱਲ ਨੂੰ ਸਪਸ਼ਟ ਕਰ ਦਿੰਦਾ ਹੈ ਕਿ ਪੰਜਾਬ ਦੀ ਇਹ ਸਥਿਤੀ ਕੁਰਸੀਆਂ ਦੀ ਖੇਡ ਕਰਕੇ ਹੀ ਸਾਹਮਣੇ ਆਈ ਹੈ। ਕਿਉਂਕਿ ਉਹ ਮੂਲ ਤੌਰ ਤੇ ਮਾਰਕਸਵਾਦੀ ਹੈ ਇਥੇ ਉਹ ਸਾਰੀ ਸਮੱਸਿਆ ਇਤਿਹਾਸ ਦੇ ਪ੍ਰਸੰਗ ਵਿਚ ਦੇਖਦਾ ਹੈ :

ਇਤਿਹਾਸ ਦਾ ਤਾਣਾ ਪੇਟਾ
ਏਨਾਂ ਕਿਉਂ ਉਲਝ ਗਿਆ
ਮਨ ਏਨੇ ਕਿਉਂ ਉਲਝ ਗਏ
ਸੋਚ ਏਨੀ ਕਿਉਂ ਉਲਝ ਗਈ
ਇਨ੍ਹਾਂ ਦਿਨਾਂ ਵਿਚ
ਇਨ੍ਹਾਂ ਉਨਝੇ ਹੋਏ ਦਿਨਾਂ ਵਿਚ (ਇਨ੍ਹਾਂ ਦਿਨਾਂ ਵਿਚ ਪੰ. 10)

ਇਉਂ ਹਰਭਜਨ ਹਲਵਾਰਵੀ ਦੀ ਇਹ ਸਮੁੱਚੀ ਕਵਿਤਾ ਸਪਸ਼ਟ ਕਰ ਦਿੰਦੀ ਹੈ ਕਿ ਉਹ ਇਕ ਸੁਚੇਤ ਕਵੀ ਹੈ ਜਿਸਨੂੰ ਸਥਿਤੀ ਦੇ ਯਥਾਰਥ ਦੀ ਵੀ ਸਮਝ ਹੈ ਤੇ ਇਹ ਵੀ ਸਮਝ ਹੈ ਕਿ ਇਸ ਯਥਾਰਥ ਨੂੰ ਕਾਵਿਕ ਰੂਪ ਵਿਚ ਕਿਵੇਂ ਪੇਸ਼ ਕਰਨਾ ਹੈ। ਇਸ ਵਿਧੀ ਦੇ ਅੰਤਰਗਤ ਹੀ ਉਸਦੀ ਕਵਿਤਾ 'ਬੱਚੇ ਨਹੀਂ ਜਾਣਦੇ 'ਦੇਖੀ ਜਾ ਸਕਦੀ ਹੈ। ਇਸ ਕਵਿਤਾ ਵਿਚ ਵੀ ਉਸ ਯਥਾਰਥ ਨਾਲ ਸੰਬੰਧਿਤ ਚਿਹਨ ਚੁਣੇ ਗਏ ਹਨ ਜਿਸਦਾ ਅਸੀਂ ਉਪਰ ਲੇਖ ਕੀਤਾ ਹੈ।

ਬੱਚੇ ਬੜੇ ਮਾਸੂਮ ਹਨ
ਉਹ ਨਹੀਂ ਜਾਣਦੇ
ਜ਼ਿੰਦਗੀ ਦੇ ਕਿੰਨੇ ਹੀ ਤੱਥ
ਬਹੁਤ ਕਸੂਤੇ ਵੀ ਹੁੰਦੇ ਹਨ
ਬੱਚੇ ਨਹੀਂ ਜਾਣਦੇ
ਦਿੱਖ ਦਾ ਫਰਕ ਕਿਵੇਂ
ਬੰਦੇ ਨੂੰ ਆਪਣੇ ਹੀ ਦੇਸ਼ 'ਚ
ਅਜਨਬੀ ਬਣਾ ਧਰਦਾ ਹੈ
ਬੇਇਜ਼ਤੀ ਜਾਂ ਮੌਤ ਦਾ ਕਾਰਨ ਹੋ ਸਕਦਾ ਹੈ। (ਬੱਚੇ ਨਹੀਂ ਜਾਣਦਾ, ਪੰ: ੧੧-੧੨)

ਲੇਖਕ ਇਕ ਪਾਸੇ ਬੱਚਿਆਂ ਦਾ ਚਿਹਨ ਲੈਂਦਾ ਹੈ ਜੋ ਭੋਲੇ ਭਾਲੇ ਹਨ। ਇਨ੍ਹਾਂ ਦਾ ਇਸ ਰਾਜਨੀਤੀ ਵੱਲ ਛੱਲ ਨਾਲ ਕੋਈ ਸੰਬੰਧ ਨਹੀਂ ਹੁੰਦਾ। ਤੇ ਦੂਜੇ ਪਾਸੇ ਉਹ ਸੰਕਟ ਹੈ ਜਿਸਦਾ ਸੰਬੰਧ ਧਰਮ ਤੇ ਰਾਜਨੀਤੀ ਨਾਲ ਹੈ। ਬੱਚੇ ਇਹ ਨਹੀਂ ਜਾਣਦੇ ਕਿ ਲਾਸ਼ਾ ਕਿਉਂ ਵਿਛਦੀਆਂ ਨੇ ਕਰਫਿਊ ਕਿਉਂ ਲਗਦੇ ਨੇ ? ਲੇਖਕ ਇਸ ਯਥਾਰਥ ਨੂੰ ਬੜੇ ਢੁਕਵੇਂ ਸ਼ਬਦਾਂ ਵਿਚ 'ਕਸੂਤਾ ਸੱਚ 'ਕਹਿੰਦਾ ਹੈ ਤੇ ਇਸ ਕਬੂਤੇ ਸੱਚ ਬਾਰੇ ਹੀ ਉਹ ਪਾਠਕ ਦੇ ਮਨ ਵਿਚ ਕਈ ਸਵਾਲ ਬੀਜ ਜਾਂਦਾ ਹੈ ਉਸੇ ਤਰ੍ਹਾਂ ਹੀ ਜਿਵੇਂ ਉਸਨੇ ਪਿਛਲੀ ਕਵਿਤਾ ਵਿਚ ਸੰਬੋਧਨੀ ਰੂਪ ਵਿਚ ਪਾਠਕ ਦੇ ਮਨ ਵਿਚ ਕਈ ਸੁਆਲ ਬੀਜ ਦਿੱਤੇ ਸਨ। ਇਸ ਕਿਸਮ ਦਾ ਸੰਬੋਧਨ ਉਸਦੀ ਕਵਿਤਾ 'ਦੋ ਗੱਲਾਂ ' ਵਿਚ ਵੀ ਪਿਆ

ਤੂੰ ਜੀਹਨਾਂ ਨੂੰ ਸਮਝ ਰਿਹੈਂ ਮੁਕਤੀ ਦੇ ਤੀਰਥ
ਇਨ੍ਹਾਂ ਬਾਰੇ ਬਾਬਾ ਨਾਨਕ ਦੱਸ ਗਿਆ ਸੀ
ਇਹ ਤਾਂ ਰੂਸ ਪਖੰਡ ਦੇ ਅੱਡੇ
ਦੇਹ ਹਿਰਸ ਦਾ ਧੰਦਾ ਚੱਲੇ
ਆਪਣੇ ਨਿਜੀ ਹਿਤ ਹਉਮੈਂ ਤੋਂ ਪਰੇ ਨਾ ਜਾਂਦੇ
ਅਤਿ ਨਿੱਕੇ ਨੇ ਬੰਦੇ ਜਿਹੜੇ ਲੱਗਣ ਵੱਡੇ
ਇਨ੍ਹਾਂ ਦੇ ਪੁੱਠੇ ਚੱਕਰ ਵਿਚ ਫਸ ਕੇ ਐਵੇਂ
ਨਾਲ ਭਰਾਵਾਂ ਵੈਰ ਕਮਾ ਨਾ
ਆਪਣਾ ਸੁੱਚਾ ਲਹੂ ਪਸੀਨਾ
ਸੱਪਾਂ ਦੀਆਂ ਖੁੱਡਾਂ ਵਿਚ ਪਾ ਨਾ
ਐ ਮੇਰੇ ਹਮਦਮ, ਹਮਸਾਏ
ਤੇਰੇ ਨਾਲ ਕਰਾਂ ਦੋ ਗੱਲਾਂ ਤੇ ਦਿਲ ਫੋਲਾਂ (ਦੋ ਗੱਲਾਂ। ਪੰ. 14)

ਇਸ ਭਾਗ ਦੀਆਂ ਕੁਝ ਕਵਿਤਾਵਾਂ ਅਜਿਹੀਆਂ ਹਨ ਜਿਨ੍ਹਾਂ ਵਿਚ ਪੰਜਾਬ ਦੀ ਸਥਿਤੀ ਦੇ ਚਿਹਨ ਸਿੱਧੇ ਤੌਰ ਤੇ ਸਪਸ਼ਟ ਨਹੀਂ ਹੁੰਦੇ। ਪਰ ਇਨ੍ਹਾਂ ਕਵਿਤਾਵਾਂ ਵਿਚ ਵੀ ਉਨ੍ਹਾਂ ਦਿਨਾਂ ਦਾ ਜ਼ਿਕਰ ਹੈ ਜਦੋਂ ਕਵੀ ਉਦਾਸ ਮਾਹੌਲ ਵਿਚ ਜ਼ਿੰਦਗੀ ਦੇ ਬਾਕੀ ਪੱਖਾਂ ਬਾਰੇ ਸੋਚ ਰਿਹਾ ਹੈ। ਇਨ੍ਹਾਂ ਕਵਿਤਾਵਾਂ ਚਿਰ ਉਹ ਵਿਅੰਗ ਦੀ ਵਿਧੀ ਨੂੰ ਅਪਣਾਉਂਦਾ ਹੈ। ਮਿਸਾਲ ਦੇ ਤੌਰ ਹੈ ਜਦੋਂ ਉਹ ਆਪਣੀ ਕਵਿਤਾ 'ਖਿੜਕੀ 'ਵਿਚ ਇਸ ਕਿਸਮ ਦੀਆਂ ਸਤਰਾਂ ਲਿਖਦਾ ਹੈ :

ਇਸ ਖਿੜਕੀ 'ਚੋਂ ਅਕਸ ਨਜ਼ਰ ਆਉਂਦੇ ਨੇ
ਅੱਧ-ਕੱਜੀਆਂ ਤਸਵੀਰਾਂ ਤੇ ਅਣ-ਕੱਜੇ ਬੁੱਤ
ਕਲਾ ਦਾ ਸਰਵੋਤਮ ਨਮੂਨਾ ਸ਼ਾਇਦ ਇਹੋ ਨੇ

ਇਥੇ ਕਾਇਆ-ਕਲਪ ਹੁੰਦਾ ਹੈ
ਰੂਹ ਦਾ ਜਿਸਮ 'ਚ, ਜਿਸਮ ਦਾ ਰੂਹ 'ਚ
ਸੁਣਿਐ ਇਸ ਖਿੜਕੀ ਪਿੱਛੇ
ਇਕ ਜਾਦੂਗਰਨੀ ਦਾ ਵਾਸਾ ਹੈ
ਜੋ ਬੰਦੇ ਨੂੰ ਕੁੱਤਾ ਤੇ ਕੁੱਤੇ ਨੂੰ ਬੰਦਾ ਬਣਾ ਕੇ
ਉਸਦੀ ਪਿੱਠ 'ਤੇ ਪ੍ਰਮਾਣਿਕਤਾ ਦੀ ਮੋਹਰ ਲਾਉਂਦੀ ਹੈ
ਦੇਸਾਂ ਪ੍ਰਦੇਸ਼ਾਂ 'ਚ ਇਸਦੇ ਜਾਦੂ ਦੀਆਂ ਧੁੰਮਾਂ ਨੇ (ਖਿੜਕੀ ' ਪੰ. 16)

ਇਹ ਵਿਅੰਗ ਸਮੁੱਚੀ ਸਥਾਪਤੀ ਉਤੇ ਇਉਂ ਹੈ ਕੇਵਲ ਪੰਜਾਬ ਦੀ ਸਥਿਤੀ ਅਜਿਹੀਆਂ ਕਵਿਤਾਵਾਂ ਦਾ ਆਧਾਰ ਨਹੀਂ ਬਣਦੀ ਪਰ ਇਹ ਸਥਿਤੀ ਉਸ ਰਾਜਨੀਤੀ ਨਾਲ ਸੰਬੰਧਿਤ ਹੈ ਜਿਸ ਉਤੇ ਵਿਅੰਗ ਇਨ੍ਹਾਂ ਸਾਰੀਆਂ ਕਵਿਤਾਵਾਂ ਵਿਚ ਪਿਆ ਹੈ। ਇਉਂ ਇਸ ਵਿਅੰਗ ਨਾਲ ਜੋ ਚੇਤਨਾ ਸੰਬੰਧਿਤ ਹੈ ਉਸ ਵਿਚੋਂ ਲੇਖਕ ਦਾ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਪਛਾਣਿਆ ਜਾ ਸਕਦਾ ਹੈ। ਪਰ ਇਨ੍ਹਾਂ ਕਵਿਤਾਵਾਂ ਵਿਚ ਵਿਅੰਗ ਕੇਵਲ ਇਸ ਸਥਾਪਤੀ ਉਤੇ ਹੀ ਨਹੀਂ ਸਗੋਂ ਉਸ ਜਾਂਚ ਉਤੇ ਵੀ ਹੈ ਜਿਸ ਦੀ ਉਪਜ ਮਹਾਂਨਗਰ ਵਿਚੋਂ ਹੁੰਦੀ ਹੈ ਜਾਂ ਉਸ ਮਨੁੱਖ ਉਤੇ ਵੀ ਹੈ ਜਿਸ ਦੀ ਰੀੜ ਦੀ ਹੱਡੀ ਗਾਇਬ ਹੈ। ਅਜਿਹੀਆਂ ਉਦਾਹਰਣਾਂ 'ਬੋਰ ਹੋਇਆ ਮਨੁਖ 'ਜਾਂ ਕਵਿਤਾ 'ਰੀੜ ਰਹਿਤ 'ਵਿਚ ਦੇਖੀਆਂ ਜਾ ਸਕਦੀਆਂ ਹਨ। ਹਰਭਜਨ ਹਲਵਾਰਵੀ ਕੋਲ ਇਨ੍ਹਾਂ ਕਵਿਤਾਵਾਂ ਵਿਚ ਇਕ ਚੇਤੰਨ ਮਨੁੱਖ ਦਾ ਸੰਕਲਪ ਹੈ। ਇਸ ਸਥਿਤੀ ਵਿਚ ਕਮਜ਼ੋਰ ਤੇ ਨਿਤਾਣੇ ਤੇ ਉਸ ਮਨੁੱਖ ਨੂੰ ਪਸੰਦ ਨਹੀਂ ਕਰਦਾ ਜਿਸ ਕੋਲ ਜ਼ਿੰਦਗੀ ਦੇ ਯਥਾਰਥ ਦੀ ਚੇਤਨਾ ਨਹੀਂ ਇਸੇ ਲਈ ਉਹ ਮਹਾਨਗਰ ਦੇ 'ਬੋਰ ਹੋਏ ਮਨੁੱਖ 'ਨੂੰ ਰੱਦ ਕਰ ਦਿੰਦਾ ਹੈ।

ਹਰਭਜਨ ਹਲਵਾਰਵੀ ਦੀਆਂ ਇਨ੍ਹਾਂ ਕਵਿਤਾਵਾਂ ਵਿਚ ਇਕ ਵਿਸ਼ੇਸ਼ ਕਿਸਮ ਦੀ ਉਦਾਸੀ ਵੀ ਹੈ ਜਿਸਦਾ ਹੋਰ ਵਿਸਥਾਰ ਉਸਦੀ ਅਗਲੀ ਪੁਸਤਕ 'ਪੰਖ ਵਿਹੂਣਾ' ਚ ਵੀ ਹੁੰਦਾ ਹੈ। ਇਹ ਉਦਾਸੀ ਨਿਰਾਸ਼ਾ ਨਹੀਂ ਸਗੋਂ ਇਸ ਉਦਾਸੀ ਨਾਲ ਇਕ ਵਿਸ਼ੇਸ਼ ਸਥਿਤੀ ਸੰਬੰਧਿਤ ਹੈ। ਮਾਰਕਵਾਦੀ ਦ੍ਰਿਸ਼ਟੀ ਨਾਲ ਜੁੜੇ ਵਿਅਕਤੀ ਜਿਸ ਪਰਿਵਰਤਨ ਜਾਂ ਜਿਸ ਇੰਨਕਲਾਬ ਦੀ ਉਡੀਕ ਕਰ ਰਹੇ ਸਨ ਉਹ ਨਾ ਵਾਪਰਿਆ ਤੇ ਇਸ ਵਿਚੋਂ ਕੁਝ ਉਦਾਸੀ ਪੈਦਾ ਹੋਈ। ਇਸ ਸਥਿਤੀ ਨੂੰ ਵੀ ਹਲਵਾਰਵੀ ਸਿੱਧੇ ਜਾਂ ਸਪਾਟ ਰੂਪ ਵਿਚ ਪੇਸ਼ ਨਹੀਂ ਕਰਦਾ ਸਗੋਂ ਇਸ ਸਥਿਤੀ ਵਿਚੋਂ ਪੈਦਾ ਹੋਏ ਤਨਾਉ ਨੂੰ ਪੇਸ਼ ਕਰਦਾ ਹੈ ਤੇ ਇਸ ਸਥਿਤੀ ਨੂੰ ਇਸ ਬਿਆਨ ਵਿਚ ਪੇਸ਼ ਕਰਨ ਵਿਚ ਹੀ ਕਾਵਿਕਤਾ ਹੈ। ਉਦਾਹਰਣ ਦੇ ਤੌਰ ਤੇ ਉਸਦੀ ਕਵਿਤਾ 'ਵਗਦੇ ਦਰਿਆ 'ਵਿਚ ਅਜਿਹਾ ਭਾਵ ਪ੍ਰਬੰਧ ਦੇਖਿਆ ਜਾ ਸਕਦਾ ਹੈ :

ਦਿਨ, ਮਹੀਨੇ ਤੇ ਵਰ੍ਹੇ
ਉਸ ਦੇ ਕੋਲੋਂ ਦੀ, ਕਦੇ ਸ਼ੂਕਦੇ
ਕਦੇ ਰੁੱਪ ਚੁਪੀਤੇ ਲੰਘਦੇ ਰਹੇ
ਤੇ ਉਹ ਕੰਢੇ 'ਤੇ ਬੈਠਾ
ਸਮੇਂ ਦੇ ਦਰਿਆ ਦੀਆਂ ਲਹਿਰਾਂ ਗਿਣਦਾ
ਉਸ ਪਲ ਦੀ ਉਡੀਕ ਕਰਦਾ ਰਿਹਾ
ਜਿਸ ਪਲ ਨੂੰ ਉਸਦੀ
ਪੂਰੀ ਦੀ ਪੂਰੀ ਉਮਰ ਬਣਨਾ ਸੀ
ਪਰ ਨਾ ਉਹ ਪਲ ਹੀ ਆਇਆ
ਨਾ ਉਸ ਦੀ ਉਡੀਕ ਹੀ ਮੁੱਕੀ
ਦਿਨ, ਮਹੀਨੇ ਤੇ ਵਰ੍ਹਿਆਂ ਦੇ ਪਾਣੀ ਜਿਹੇ
ਸਮੇਂ ਦੇ ਵਗਦੇ ਦਰਿਆ ਵਿਚ
ਉਸਦੀ ਉਮਰ ਹਰ ਘੜੀ ਖੁਰਦੀ ਰਹੀ
ਕੱਚੀ ਮਿੱਟੀ ਵਾਂਗ ਉਸਦੀ ਹੋਂਦ ਵੀ
ਦੂਰ ਜਾਂਦੇ ਪਾਣੀਆਂ 'ਚ ਘੁਲ਼ਦੀ ਰਹੀ (ਵਗਦੇ ਦਰਿਆ ਪੰ. 27)

ਇਸ ਸਥਿਤੀ ਵਿਚੋਂ ਲੇਖਕ ਨੂੰ ਲਕਸ਼ਹੀਣ ਰਾਹਾਂ ਦਾ ਅਹਿਸਾਸ ਹੁੰਦਾ ਹੈ ਜਾਂ ਉਹ ਇਕੱਲ ਮਹਿਸੂਸ ਕਰਦਾ ਹੈ ਤੇ ਇਸ ਸਥਿਤੀ ਵਿਚ ਉਹ ਆਪਣੇ ਅੰਦਰ ਇਕ ਤਰਕ ਬਣਾਉਣ ਦਾ ਯਤਨ ਕਰਦਾ ਹੈ ਕਿ ਇਹ ਜ਼ਰੂਰੀ ਨਹੀਂ ਕਿ ਸਾਰਾ ਕੁਝ ਇਉਂ ਹੀ ਵਾਪਰੇ:

ਜ਼ਰੂਰੀ ਨਹੀਂ
ਤੁਹਾਡੀ ਅੰਦਰਲੀ ਤਪਸ਼ ਵਧਣ ਸਾਰ
ਮਹਾਂਨਗਰ ਦੀ ਹਿੱਕ ਤੋਂ ਮੌਨਸੂਨ
ਤੁਹਾਡੇ ਵਿਹੜੇ ਵੱਲ ਤੁਰ ਪਵੇ
ਜੇ ਏਥੇ ਆਵੇ ਤਾਂ ਗੂੜ੍ਹੀ ਸਲੇਟੀ ਘਟਾ ਬਣੇ
ਘਟਾ 'ਚੋਂ ਕਣੀਆਂ ਦੀ ਰਹਿਮਤ ਕਿਰੇ
ਜਿਸਮ ਦੇ ਨਾਲ ਤੁਹਾਡੀ ਰੂਹ ਵੀ ਭਿਉਂ । (ਜ਼ਰੂਰੀ ਨਹੀਂ ਜੀ, 30)

ਇਉਂ ਇਸ ਸਥਿਤੀ ਵਿਚੋਂ ਹੀ ਉਸਨੂੰ 'ਬਣਵਾਸ 'ਦਾ ਅਹਿਸਾਸ ਹੁੰਦਾ ਹੈ ਉਹ ਚੁੱਪ ਤੇ ਦਰਦ ਦੇ ਗੀਤਾਂ ਦੀ ਗੱਲ ਕਰਦਾ ਹੈ ਜੰਗਲ ਵਿਚ ਅਣਚਾਹੇ ਉਗਣ ਵਾਂਗ ਮਹਿਸੂਸ ਕਰਦਾ ਹੈ ਤੇ ਇਉਂ ਉਦਾਸੀ ਉਸ ਵਿਚ ਇਕੱਲ ਦੇ ਅਹਿਸਾਸ ਨੂੰ ਹੋਰ ਵੱਧਾ ਦਿੰਦੀ ਹੈ। ਇਹ ਉਦਾਸੀ ਅਜਿਹੀ ਹੈ ਜੋ ਪਾਠਕ ਨੂੰ ਇਸ ਸਥਿਤੀ ਬਾਰੇ ਜਾਗ੍ਰਿਤ ਕਰਦੀ ਹੈ ਤੇ ਹਰਭਜਨ ਹਲਵਾਰਵੀ ਦੀਆਂ ਕਵਿਤਾਵਾਂ ਦੀ ਇਹੀ ਵਿਸ਼ੇਸ਼ਤਾ ਇਹ ਕਵਿਤਾਵਾਂ ਉਦਾਸੀ ਦੇ ਪਿਛੋਕੜ ਬਾਰੇ ਸਾਨੂੰ ਜਾਗਰਿਤ ਕਰਦੀਆਂ ਹਨ ਤੇ ਇਹ ਕਵਿਤਾਵਾਂ ਸਾਡੇ ਅੰਦਰ ਪ੍ਰਗਤੀਸ਼ੀਲ ਚੇਤਨਾ ਦਾ ਸੰਚਾਰ ਕਰਦੀਆਂ ਹਨ। ਇਉਂ ਹਲਵਾਰਵੀ ਇਕੋ ਸਮੇਂ ਉਸੇ ਸਥਿਤੀ ਦਾ ਵਿਲੇਸ਼ਣ ਵੀ ਕਰ ਦਿੰਦਾ ਹੈ ਤੇ ਉਸ ਬਾਰੇ ਪਾਠਕ ਅੰਦਰ ਇਕ ਦ੍ਰਿਸ਼ਟੀਕੋਣ ਵੀ ਬਣਾ ਦਿੰਦਾ ਹੈ। ਇਸ ਪੁਸਤਕ ਦਾ ਦੂਜਾ ਭਾਗ 'ਪਿਘਲੇ ਹੋਏ ਪਲ 'ਪਿਆਰ ਕਵਿਤਾਵਾਂ ਨਾਲ ਸੰਬੰਧਿਤ ਹੈ। ਇਸ ਭਾਗ ਦੀਆਂ ਕਵਿਤਾਵਾਂ ਦੇ ਸਮਰਪਨ ਦੇ ਸ਼ਬਦ ਧਿਆਨਯੋਗ ਹਨ, 'ਖੁਸ਼ਬੂ ਜਿਹੇ ਰਿਸ਼ਤੇ ਦੇ ਨਾਲ 'ਇਉਂ ਇਨ੍ਹਾਂ ਕਵਿਤਾਵਾਂ ਵਿਚ ਹਲਵਾਰਵੀ ਇਸ ਪਿਆਰ ਰਿਸ਼ਤੇ ਨੂੰ ਬੜੇ ਕੋਮਲ ਰੂਪ ਵਿਚ ਬਿਆਨ ਕਰਦਾ ਹੈ। ਇਨ੍ਹਾਂ ਕਵਿਤਾਵਾਂ ਦੀ ਭਾਸ਼ਾ ਹੀ ਵੱਖਰੀ ਹੈ ਜਿਸਨੂੰ ਪ੍ਰਗੀਤਕ ਭਾਸ਼ਾ ਆਖਿਆ ਜਾ ਸਕਦਾ ਹੈ। ਇਸ ਪ੍ਰਸੰਗ ਵਿਚ ਸਭ ਤੋਂ ਪਹਿਲਾਂ ਉਸਦੀ ਕਵਿਤਾ 'ਨਿੱਕਾ ਜਿਹਾ ਖ਼ਤ 'ਵੱਲ ਸੰਕੇਤ ਹਰਨਾ ਜ਼ਰੂਰੀ ਹੈ :

ਨਿੱਕਾ ਜਿਹਾ ਖ਼ਤ ਆਉਂਦਾ ਹੈ
ਕਿਸੇ ਆਮ ਜਿਹੀ ਘਟਨਾ ਬਾਰੇ ਦਿੱਤੀ ਗਈ
ਰਸਮੀ ਜਿਹੀ ਸੂਚਨਾ ਵਰਗਾ
ਅੱਖਰ ਬਹੁਤ ਸਾਫ ਨੇ
ਸ਼ਬਦ ਬਹੁਤ ਸੰਖੇਪ ਨੇ

ਅਰਥ ਬਹੁਤ ਸਿੱਧੇ ਨੇ, ਸਪਸ਼ਟ ਨੇ
ਚਾਰ ਕੁ ਸਤਰਾਂ ਵਾਲੀ ਰਸਮੀ ਸੂਚਨਾ
ਸੂਚਨਾ ਹੀ ਰਹਿੰਦੀ ਹੈ
ਗੀਤ ਦਾ ਬੋਲ ਨਹੀਂ ਬਣਦੀ
ਨਿੱਕਾ ਜਿਹਾ ਖ਼ਤ ਆਉਂਦਾ ਹੈ
ਇਸ ਵਿਚ ਲਿਖੀ ਹੋਈ
ਚਾਰ ਕੁ ਸਤਰਾਂ ਦੀ ਸੂਚਨਾ ਪੜ੍ਹਦਾ ਹਾਂ
ਨਿੱਕੇ ਨਿੱਕੇ ਟੁਕੜੇ ਕਰ ਕੇ
ਰੱਦੀ ਦੀ ਟੋਕਰੀ ਵਿਚ ਸੁੱਟਦਾ ਹਾਂ
ਇਹ ਸਾਰੇ ਦੇ ਸਾਰੇ ਟੁਕੜੇ
ਮਨ ਦੇ ਪੰਨੇ 'ਤੇ ਲਿਖੇ ਜਾਂਦੇ ਨੇ
ਗੀਤ ਦੇ ਬੋਲ ਬਣ ਕੇ (ਨਿੱਕਾ ਜਿਹਾ ਖ਼ਤ' ਪੰ.50)

ਇਹ ਛੋਟੀ ਜਿਹੀ ਕਵਿਤਾ ਇਸ ਲਈ ਮਹੱਤਵਯੋਗ ਹੈ ਕਿਉਂਕਿ ਇਸ ਕਵਿਤਾ ਵਿਚਲਾ ਅਹਿਸਾਸ ਗੀਤ ਕਿਵੇਂ ਬਣਦਾ ਹੈ ਕਵੀ ਉਸ ਬਾਰੇ ਉਲੇਖ ਕਰਦਾ ਹੈ। ਇਉਂ ਇਸ ਤਰ੍ਹਾਂ ਨਾਲ ਇਨ੍ਹਾਂ ਕਵਿਤਾਵਾਂ ਦਾ ਕਾਵਿ ਸਿਧਾਂਤ ਇੰਨ੍ਹਾਂ ਤੋਂ ਪ੍ਰਗਟ ਹੋ ਜਾਂਦਾ ਹੈ। ਜਿਸ ਖ਼ੁਸ਼ਬੂ ਜਿਹੇ ਰਿਸ਼ਤੇ ਦੀ ਉਸਨੇ ਆਪਣੇ ਸਮਰਪਨ ਵਿਚ ਗੱਲ ਕੀਤੀ ਸੀ ਉਸਦੇ ਭਾਵ ਇਸ ਕਵਿਤਾ ਦੇ ਪਿਛੋਕੜ ਵਿਚ ਵੀ ਹਨ ਤੇ ਉਹ ਗੀਤ ਜਾਂ ਕਵਿਤਾ ਦਾ ਰੂਪ ਧਾਰ ਰਿਹਾ ਹੈ। ਕਵੀ ਸੁਚੇਤ ਤੌਰ ਤੇ ਇਥੇ ਸ਼ਬਦ 'ਗੀਤ' ਵਰਤਦਾ ਹੈ। ਇਉਂ ਇਨ੍ਹਾਂ ਕਵਿਤਾਵਾਂ ਦੀ ਪ੍ਰਗੀਤਕਤਾ ਬਾਰੇ ਉਹ ਆਪ ਵੀ ਸੁਚੇਤ ਹੈ। ਕੁਝ ਕਵਿਤਾਵਾਂ ਦੀ ਅਜਿਹੀ ਪ੍ਰਗੀਤਕਤਾ ਨਾਲ ਸੰਬੰਧਿਤ ਹਨ ਤੇ ਕੁਝ ਕਵਿਤਾਵਾਂ ਸਿੱਧੇ ਤੌਰ ਤੇ ਗੀਤ ਦਾ ਰੂਪ ਧਾਰਦੀਆਂ ਹਨ। ਮਿਸਾਲ ਦੇ ਤੌਰ ਤੇ ਉਸਦਾ ਅਜਿਹਾ ਗੀਤ :

ਵਿਚ ਪਹਾੜਾਂ ਝੀਲ ਘਿਰੀ ਹੈ
ਚਾਂਦੀ -ਵੰਨੇ ਪਾਣੀ
ਪੰਛੀ ਜਾਂ ਦਰਵੇਸ਼ ਹੀ ਕੋਈ
ਪਹੁੰਚ ਸਕੇ ਉਸ ਤਾਣੀ।
ਕਠਿਨ ਸਾਧਨਾ ਪਿੱਛੋਂ ਰੁਤਬਾ
ਦਰਵੇਸ਼ੀ ਦਾ ਪਾਇਆ।
ਦਿਲ ਦਰਵੇਸ਼ ਨੇ ਬਦਲੀ ਕਾਇਆ
ਪੰਛੀ – ਰੂਪ ਬਣਾਇਆ।
ਸੀਤ ਚਾਨਣੀ ਧੁੰਦ-ਲਪੇਟੀ
ਉਂਘ ਰਹੇ ਨੇ ਤਾਰੇ।
ਅੱਗ ਵਰਗੀ ਤੇਹ ਪਿੰਡਾ ਲੂਹੇ
ਚੱਲੀਏ ਝੀਲ ਕਿਨਾਰੇ।
ਨਿੱਕੀ ਝੀਲ ਸਮੁੰਦਰੋਂ ਡੂੰਘੀ
ਹਾਥ ਨਾ ਇਸਦੀ ਆਏ।
…. (ਝੀਲ ਕਿਨਾਰੇ ਪੰ. 59 60)

ਇਸ ਸਪੂੰਰਣ ਗੀਤ ਦੀ ਉਦਾਹਰਣ ਅਸੀਂ ਇਸ ਲਈ ਲਿਤੀ ਹੈ ਕਿਉਂਕਿ ਇਸ ਕਵਿਤਾ ਦਾ ਇਸ ਗੀਤ ਵਿਚੋਂ ਅਧਿਐਨ ਕੀਤਾ ਜਾ ਸਕਦਾ ਹੈ। ਅਜਿਹੇ ਗੀਤਾਂ ਵਿਚ ਭਰਭਜਨ ਹਲਵਾਰਵੀ ਪ੍ਰਕ੍ਰਿਤੀ ਦੇ ਸੋਹਜ ਭਰੇ ਬਿੰਬਾਂ ਦੀ ਪਰਿਕਲਪਨਾ ਕਰਦਾ ਹੈ। ਇਨ੍ਹਾਂ ਬਿੰਬਾਂ ਦੀ ਕੋਮਲਤਾ ਜਿਸ ਸੌਂਦਰਯ ਦੀ ਸਿਰਜਨਾ ਕਰਦੀ ਹੈ ਉਹ ਬਹੁਤ ਪ੍ਰਭਾਵਸ਼ਾਲੀ ਹੈ। ਦੂਜੀ ਗੱਲ ਇਹ ਧਿਆਨਯੋਗ ਹੈ ਕਿ ਅਜਿਹੇ ਗੀਤਾਂ ਵਿਚ ਇਕ ਰੂਪਾਂਤਰਣ ਪ੍ਰਕ੍ਰਿਆ ਹੈ। ਗੱਲ ਝੀਲ ਤੋਂ ਸ਼ੁਰੂ ਹੋਈ ਸੀ ਜਿਥੇ ਉਸਦੇ ਚਾਂਦੀਵਨੇ ਪਾਣੀਆਂ ਦੀ ਥਾਂ ਕੁਝ ਪੰਛੀ ਜਾਂ ਦਰਵੇਸ਼ ਪਹੁੰਚਦਾ ਹੈ ਪਰ ਅਖੀਰ ਤੱਕ ਪਹੁੰਚਦਿਆਂ ਕੇਵਲ ਸੁੰਦਰ ਝੀਲ ਤਕ ਸੀਮਤ ਨਹੀਂ ਰਹਿੰਦਾ ਸਗੋਂ ਸੁੰਦਰ ਝੀਲ ਇਕ ਇੰਨਕਲਾਬੀ ਅਹਿਸਾਸ ਜਗਾਉਂਦੀ ਹੈ ਤੇ ਇਹ ਅਹਿਸਾਸ ਉਸ ਸੁੰਦਰੀ ਨਾਲ ਸੰਬੰਧਿਤ ਹੋ ਜਾਂਦਾ ਹੈ ਜਿਸਦੇ ਖੁਸ਼ਬੂ ਜਿਹੇ ਰਿਸ਼ਤੇ ਦੀ ਗੱਲ ਕੀਤੀ ਗਈ ਸੀ। ਇਉਂ ਪ੍ਰਕਿਰਤੀ ਦੇ ਬਿੰਬ ਇਕ ਰੂਪਾਂਤਰਣ ਦੀ ਵਿਧੀ ਨੂੰ ਸਪਸ਼ਟ ਕਰਦੇ ਹਨ। ਇਹੀ ਪ੍ਰਕ੍ਰਿਆ ਉਸਦੇ ਗੀਤ ਚੁੱਪ- ਚੁਪੀਤੇ ਵਿਚ :

ਸੂਰਜ ਚਮਕੇ ਸੁੱਕੇ ਪਾਣੀ
ਵਾਸ਼ਪ ਬਣ ਉਡ ਜਾਵੇ।
ਪੌਣ ਗਰੁੜ ਦੀ ਕਰ ਅਸਵਾਰੀ
ਧੁਰ ਅੰਬਰ ਤੱਕ ਆਵੇ।
ਬੱਦਲ ਬਣੇ ਤੁਰੇ ਪਰਬਤ ਵੱਲ
ਕਿੰਨੇ ਰੰਗ ਵਟਾਏ। (ਚੁਪ-ਚੁਪੀ ਤੇ ਪੰ.61-62)

ਇਥੇ ਵੀ ਸੂਰਜ, ਪੌਣ, ਬੱਦਲ, ਬਾਰਿਸ਼, ਬਰਫ਼, ਬਿਜਲੀ ਦੀ ਚਮਕ, ਮੋਰਾਂ ਦਾ ਕੂਕਣਾ, ਸੀਤ ਲਹਿਰ, ਰੁੱਖ, ਨਸ਼ੀਲੀ ਹਵਾ ਕੇਵਲ ਇਨ੍ਹਾਂ ਦੇ ਪ੍ਰਕਿਰਤਕ ਬਿੰਬ ਹੀ ਨਹੀਂ ਸਗੋਂ ਕਵੀ ਅੰਤ ਤੇ ਜਦੋਂ, " ਜੂਹ ਤੇਰੀ ਵਿਚ ਚੁਪ ਚੁਪੀਤੇ, ਕਣੀ ਕਣੀ ਵਹ ਜਾਣਾ " ਕਹਿੰਦਾ ਹੈ ਤਾਂ ਇਸ ਗੀਤ ਦੇ ਭਾਵਾਂ ਵਿਚ ਰੂਪਾਂਤਰਣ ਵਾਪਰ ਜਾਂਦਾ ਹੈ। ਇਉਂ ਇਹ ਰੂਪਾਂਤਰਣ ਇਨ੍ਹਾਂ ਗੀਤਾਂ ਨੂੰ ਸੁੰਦਰ ਬਣਾਉਂਦਾ ਹੈ।

ਹਰਭਜਨ ਹਲਵਾਰਵੀ ਦੀਆਂ ਇਨ੍ਹਾਂ ਪਿਆਰ ਕਵਿਤਾਵਾਂ ਦੀ ਖ਼ੂਬਸੂਰਤੀ ਇਹ ਹੈ ਕਿ ਇਨ੍ਹਾਂ ਵਿਚ ਪਿਆਰ ਦੇ ਭਾਵਾਂ ਨੂੰ ਵੀ ਪੁਰਾਣੀ ਰੁਮਾਂਟਿਕ ਕਵਿਤਾ ਵਾਂਗ ਨਾ ਹੀ ਸਿੱਧੇ ਇੰਨਕਲਾਬੀ ਰੂਪ ਵਿਚ ਬਿਆਨ ਕੀਤਾ ਗਿਆ ਹੈ ਤੇ ਨਾ ਹੀ ਇਨ੍ਹਾਂ ਭਾਵਾਂ ਨੂੰ ਬਿਆਨ ਕਰਨ ਲਈ ਬੇਲੋੜੇ ਤੇ ਵਾਧੂ ਅੰਲਕਾਰਾਂ ਦੀ ਵਰਤੋਂ ਕੀਤੀ ਗਈ ਹੈ। ਸਗੋਂ ਉਸ ਅਨੁਭਵ ਨੂੰ ਜ਼ੁਬਾਨ ਦੇਣ ਦਾ ਜਤਨ ਕੀਤਾ ਹੈ ਜੋ ਉਸ ਤੋਂ ਖ਼ੁਸ਼ਬੂ ਜਿਹੇ ਤੋਂ ਪ੍ਰਾਪਤ ਹੋਇਆ ਹੈ। ਉਦਾਹਰਣ ਦੇ ਤੌਰ ਤੇ ਇਸ ਭਾਗ ਦੀ ਤੇ ਕਵਿਤਾਵਾਂ ਦੀਆਂ ਸਤਰਾਂ ਹਨ :

ਫਿਰ ਕਦੇ ਉਹ ਸਮਾਂ ਵੀ ਆਉਂਦਾ ਹੈ
ਕੰਕਰਾਂ ਜਿਹੇ ਸਾਰੇ ਦੇ ਸਾਰੇ ਪਲ
ਅਚਾਨਕ ਪਿਘਲ ਕੇ ਵਹਿ ਤੁਰਦੇ ਨੇ
ਪੱਥਰਾਂ 'ਚ ਕਲੋਲ ਕਰਦੀ
ਪਹਾੜੀ ਨਦੀ ਜਿਹੇ ਲੱਗਦੇ ਨੇ
ਅਸੀਂ ਇਨ੍ਹਾਂ ਦਾ ਬੁੱਕ ਭਰ ਕੇ
ਪੀ ਸਕਦੇ ਹਾਂ
ਵਰ੍ਹਿਆਂ ਦੀ ਤਲਖ਼ ਪਿਆਸ
ਔੜ ਮਾਰੇ ਦਿਨਾਂ ਦਾ ਅਹਿਸਾਸ
ਨੇੜੇ ਤੇੜੇ ਨਹੀਂ ਰਹਿੰਦੇ
ਛੱਲਾਂ ਦੀ ਠੰਢੀ ਸੁਬਕ ਛੋਹ
ਜਿਸਮ ਵਿਚ ਝਰਨਾਟ ਦਾ
ਸੰਗੀਤ ਭਰਦੀ ਹੈ (ਪਿਘਲੇ ਹੋਏ ਹਨ, ਪੰ. 43-45)

ਇਉਂ ਇਨ੍ਹਾਂ ਗੱਲਾਂ ਦੇ ਆਧਾਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਪਿਆਰ ਕਵਿਤਾਵਾਂ ਹਰਭਜਨ ਹਲਵਾਰਵੀ ਦੀ ਕਵਿਤਾ ਦੇ ਵੱਖਰੇ ਅਹਿਸਾਸ ਨੂੰ ਪੇਸ਼ ਕਰਦੀਆਂ ਹਨ ਤੇ ਇਨ੍ਹਾਂ ਕਵਿਤਾਵਾਂ ਵਿਚ ਉਹ ਅਤਿ ਪ੍ਰਭਾਵਸ਼ਾਲੀ ਹੈ। ਇਸ ਪੁਸਤਕ ਵਿਚ ਉਸਦਾ ਤੀਸਰਾ ਭਾਗ 'ਗ਼ਜ਼ਲਾਂ ' ਦਾ ਹੈ ਜਿਸ ਵਿਚ ਉਸ ਦੀਆਂ ਚੌਦਾਂ ਗ਼ਜ਼ਲਾਂ ਸ਼ਾਮਿਲ ਹਨ। ਭਾਵੇਂ ਇਨ੍ਹਾਂ ਗ਼ਜ਼ਲਾਂ ਵਿਚ ਭਾਵਾਂ ਦਾ ਜਗਤ ਕਾਫ਼ੀ ਵਿਸ਼ਾਲ ਹੈ। ਕਵੀ ਕਿੱਧਰੇ ਸਮਾਜਿਕ ਸਥਿਤੀ ਦੀ ਗੱਲ ਕਰਦਾ ਹੈ ਕਿੱਧਰੇ ਜ਼ਿੰਦਗੀ ਬਾਰੇ ਜਾਂ ਜ਼ਿੰਦਗੀ ਦੀਆਂ ਪਰਿਸਥਿਤੀਆਂ ਬਾਰੇ ਇਕ ਦਾਰਸ਼ਨਿਕ ਰਵੀਏ ਵਿਚ ਬੋਲਣ ਲਗਦਾ ਹੈ ਪਰ ਉਸਦੇ ਪ੍ਰਭਾਵਸ਼ਾਲੀ ਸ਼ੇਅਰ ਉਹ ਹੀ ਹਨ ਜਿਸਦਾ ਅਸਰ ਉਸਦੇ ਮੁਹੱਬਤ ਨਾਲ ਸੰਬੰਧਤ ਹਨ ਜਾਂ ਜਿਨ੍ਹਾਂ ਦਾ ਭਾਵ-ਜਗਤ ਦੂਜੇ ਭਾਗ ਦੀਆਂ ਕਵਿਤਾਵਾਂ ਦੇ ਨੇੜੇ-ਤੇੜੇ ਵਿਚਰਦਾ ਹੈ:

ਦਿਲ ਚੰਦਰੇ ਨੂੰ ਫੇਰ ਵੀ ਖਬਰੇ ਕਿਹੜੀ ਆਸ।
ਨਾ ਪੱਲੇ ਕੋਈ ਭਰਮ ਹੈ ਨਾ ਕੋਈ ਧਰਵਾਸ। (ਪੰਨਾ 71)
ਭਾਵੇਂ ਹੋਂਦ ਭੁਲਾ ਦੇ ਮੇਰੀ ਭਾਵੇਂ ਪਾ ਸੌ ਵਿਥਾਂ,
ਮੇਰੀਆਂ ਪੌਣਾਂ ਦੇ ਸਾਹ ਤੇਰੇ ਸਾਹਾਂ ਕੋਲ ਰਹਿਣਗੇ। (ਪੰਨਾ 72)

ਹਰਭਜਨ ਹਲਵਾਰਵੀ ਦੀਆਂ ਇਨ੍ਹਾਂ ਗ਼ਜ਼ਲਾਂ ਦਾ ਦੂਸਰਾ ਭਾਵ ਉਸਦੀ ਉਦਾਸੀ ਨਾਲ ਸੰਬੰਧਿਤ ਹੈ ਜੋ ਉਸਦੇ ਕਈ ਸ਼ਿਅਰਾਂ ਵਿਚ ਸਿੱਧੇ ਤੌਰ ਤੇ ਪ੍ਰਗਟ ਹੈ :

ਬੜਾ ਮਾਣ ਹੈ। ਵਿਸਮਾਦ ਹੈ, ਸੁਪਨੇ ਨੇ, ਸੰਸੇ ਨੇ,
ਕਿਉਂ ਸਭ ਕੁਝ ਹੁੰਦਿਆਂ ਵੀ ਹੋਂਦ ਲਗਦੀ ਹੈ ਖ਼ਿਲਾ ਵਰਗੀ। (ਪੰਨਾ 76)
ਹਰ ਦਿਸ਼ਾ ਵਿਚ ਰੌਣਕਾਂ, ਭੀੜਾਂ ਨੇ ਬੇਸ਼ੁਮਾਰ,
ਹਰ ਦਿਸ਼ਾ ਵਿਚ ਫੇਰ ਕਿਉਂ ਸਾਨੂੰ ਖ਼ਿਲਾ ਮਿਲੇ। (ਪੰਨਾ 77)
ਏਨੇ ਹਮਸਫ਼ਰਾਂ ਦੇ ਹੁੰਦਿਆਂ ਸਾਰੀ ਵਾਟ ਖਾਮੋਸ਼ ਰਹੇ,
ਅਪਣੀ ਵਿਥਿਆ ਸਭ ਨੂੰ ਦੱਸੀ ਕਿਸੇ ਨਾ ਪੁਛਿਆ ਸਾਡਾ ਹਾਲ (79)

ਇਨ੍ਹਾਂ ਸ਼ੇਅਰਾਂ ਵਿਚ ਪੇਸ਼ ਉਦਾਸੀ ਉਪਭਾਵੁਕ ਨਹੀਂ ਸਗੋਂ ਜੀਵਨ ਦੀਆਂ ਇਨ੍ਹਾਂ ਪਰਿਸਥਿਤੀਆਂ ਬਾਰੇ ਸਾਡੇ ਵਿਚ ਇਕ ਸੋਚ ਅਤੇ ਬੌਧਿਕ ਦ੍ਰਿਸ਼ਟੀਕੋਣ ਪੈਦਾ ਕਰਦੀ ਹੈ ਤੇ ਇਉਂ ਇਹ ਗ਼ਜ਼ਲਾਂ ਪ੍ਰਭਾਵਸ਼ਾਲੀ ਸੰਰਚਨਾ ਦੀ ਸਿਰਜਨਾ ਕਰਦੀਆਂ ਹਨ। ਇਨ੍ਹਾਂ ਪੱਖਾਂ ਦੇ ਆਧਾਰ ਤੇ ਹਰਭਜਨ ਹਲਵਾਰਵੀ ਦੇ ਕਾਵਿ-ਸੰਗ੍ਰਹਿ 'ਪਿਘਲੇ ਹੋਏ ਪਲਾਂ 'ਨੂੰ ਉਸਦੀ ਸਭ ਤੋਂ ਵੱਧ ਪ੍ਰਭਾਵਸ਼ਾਲੀ ਰਚਨਾ ਆਖਿਆ ਜਾ ਸਕਦਾ ਹੈ। ਇਨ੍ਹਾਂ ਕਵਿਤਾਵਾਂ ਦੀ ਕਾਵਿ-ਯੋਗਤਾ ਨੂੰ ਸੰਤੁਸ਼ਟ ਕਰਦੀ ਹੈ।

## ਪੁਸਤਕ-ਸੂਚੀ

1. ਹਰਭਜਨ ਹਲਵਾਰਵੀ, ਪਿਘਲੇ ਹੋਏ ਪਰ, ਨਵਯੁਗ ਪਬਲਿਸ਼ਰਜ, ਦਿੱਲੀ, 1985.
2. ਪੰਖ ਵਿਹੂਣਾ, ਰਵੀ ਸਾਹਿਤ ਪ੍ਰਕਾਨ, ਅੰਮ੍ਰਿਤਸਰ, 1991.
3. ਪੌਣ ਉਦਾਸ ਹੈ।, ਲਾਹੌਰ ਬੁੱਕ ਸ਼ਾਪ, ਅੰਮ੍ਰਿਤਸਰ
4. ਸੋਧ, ਅੰਕ ਅਪ੍ਰੈਲ, 1981 .
5. ਆਰਸੀ, ਅੰਕ (ਜੂਨ, 1991).